ਝਨਾਂ

ਗੋਪਾਲ ਸਿੰਘ ਦਰਦੀ ਐਮ. ਏ.
ਪ੍ਰੋਫੈਸਰ
ਡੀ. ਏ. ਵੀ. ਕਾਲਜ,
ਰਾਵਲਪਿੰਡੀ.

ਪ੍ਰੀਤ ਲੜੀ ਪਬਲਿਸ਼ਰਜ਼
ਪ੍ਰੀਤ ਨਗਰ : ਲਾਹੌਰ

1636

ਕਰਤਾ ਦੇ ਸਭ ਹੱਕ ਰਾਖਵੇਂ ਹਨ

Acc. No. 1636

ਪਹਿਲੀ ਵਾਰ
੧੯੪੨

1/4/-

PREET SAINIK PRESS, PREET NAGAR,
PUBLISHED BY SANSAR PRETT MANDAL, REGD.
PREET NAGAR, AMRITSAR.

ਸੈਂਟ
ਨਿਹਾਲ ਸਿੰਘ ਜੀ
ਨੂੰ

ਭੂਮਿਕਾ

ਪਿਛੇ ਜਹੇ ਕਵੀਆਂ ਦਾ ਬੜਾ ਘਾਟਾ ਸੀ, ਪਰ ਹੁਣ ਤਾਂ ਕੋਈ ਬੰਨ੍ਹ ਹੀ ਟੁੱਟ ਪਿਆ ਹੈ। ਜਿਧਰ ਵੇਖੋ ਕਵੀ ਹੀ ਕਵੀ ਨਜ਼ਰ ਆਉਂਦੇ ਹਨ। ਜੇ ਕੋਈ ਕਹਾਣੀ ਲੇਖਕ ਹੈ, ਤਾਂ ਉਹ ਵੀ ਆਪਣੀ ਕਲਾ ਨੂੰ ਵਧਾ ਕੇ ਨਾਵਲ ਦੇ ਵੱਡਿਆਂ ਪਾਣੀਆਂ ਵਿਚ ਤਰਨ ਦੀ ਥਾਂ ਕਵਿਤਾ ਵਿਚ ਆ ਗੋਤੇ ਲਾਂਦਾ ਹੈ। ਜੇ ਕਿਸੇ ਦੀ ਤਬੀਅਤ ਦਾ ਵਹਿਣ ਨਾਟਕ ਵਲ ਹੈ, ਜਾਂ ਮੌਲਿਕ ਲੇਖਾਂ ਵਲ, ਤਾਂ ਵੀ ਉਹ ਸਾਥੀਆਂ ਨੂੰ ਕਪੜੇ ਲਾਹੁੰਦਿਆਂ ਵੇਖ ਕੇ ਆਪ ਵੀ ਕਵਿਤਾ ਵਿਚ ਛਾਲ ਮਾਰਨ ਲਈ ਤਿਆਰ ਹੋ ਜਾਂਦਾ ਹੈ। ਇਸ ਹਫੜਾ ਦਫੜੀ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਕਵੀ ਬਹੁਤ ਹੋ ਗਏ ਹਨ, ਅਤੇ ਉਨ੍ਹਾਂ ਨੇ ਕਵਿਤਾ ਦੀ ਭਰਮਾਰ ਕਰ ਦਿੱਤੀ ਹੈ।

ਕਿਸੇ ਕੰਢੇ ਬੈਠੇ ਟਿੱਕੇ ਲਾਣ ਵਾਲੇ ਪੰਡਤ ਲਈ ਔਖਾ ਹੋ ਗਿਆ ਹੈ ਕਿ ਉਹ ਇਤਨਿਆਂ ਸ਼ੁਕੀਨਾਂ ਵਿਚੋਂ ਕਿਹਨੂੰ ਟਿੱਕਾ ਲਾਵੇ ਤੇ ਕਿਹਨੂੰ ਨਾ ਲਾਵੇ। ਭਾਵ ਇਕ ਨਿਰੇ ਪੜਚੋਲੀਏ ਲਈ ਮੁਸ਼ਕਲ ਹੈ ਕਿ ਉਹ ਕਵਿਤਾ ਦੇ ਇਤਨੇ ਢੇਰ ਵਿਚੋਂ ਕੰਮ ਦੀ ਕੋਈ ਚੀਜ਼ ਲਭ ਸਕੇ। ਕਈ ਗੁਮਨਾਮ ਕਵੀਆਂ ਦੇ ਸੰਗ੍ਰਹਿਆਂ ਵਿਚੋਂ ਉਹਨੂੰ 'ਇਕ ਵਹਿੰਦਾ ਨਾਲਾ' ਜਾਂ 'ਵੰਝਲੀ ਨੂੰ ਨਾ ਛੇੜੇ' ਜਹੀਆਂ ਅਦੁੱਤੀ ਮਣੀਆਂ ਲਭ ਪੈਂਦੀਆਂ ਹਨ, ਅਤੇ ਕਈਆਂ ਉਘੇ ਕਵੀਆਂ ਦਿਆਂ ਭੋਹ-ਬਧੇ ਤ੍ਰੰਗੜਾਂ ਵਿੱਚੋਂ ਇਕ ਦੋ ਵੀ ਕੰਮ ਦੇ ਦਾਣੇ ਨਹੀਂ ਲਭਦੇ।

ਕਵੀ 'ਦਰਦੀ' ਬਾਬਤ ਇਸ ਔਖਿਆਈ ਦਾ ਸਾਮ੍ਹਣਾ ਨਹੀਂ ਕਰਨਾ ਪੈਂਦਾ। ਉਹ ਇਕ ਪੁਰਾਣਾ ਹੰਢਿਆਂ ਵੰਢਿਆ ਕਵੀ ਹੈ, ਭਾਵੇਂ ਉਸ ਦੀ ਕਵਿਤਾ ਦਾ ਸੰਗ੍ਰਹਿ ਪਹਿਲੀ ਵਾਰ ਹੁਣ ਹੀ ਛਪਿਆ ਹੈ। ਉਹ ਕਾਲਜ ਵਿਚ ਪੜ੍ਹਦਾ ਸੀ, ਤਦ ਤਾਂ ਕਵਿਤਾ ਬਹੁਤ ਲਿਖਦਾ ਸੀ, ਅਤੇ ਕਾਲਜ ਵਿਚ ਤੇ ਕਾਲਜੋਂ ਬਾਹਰ ਆਮ ਪਬਲਿਕ ਵਿਚ ਚੋਖੀ ਮਸ਼ਹੂਰੀ ਖਟਦਾ ਸੀ, ਪਰ ਪਿਛੋਂ ਜਾ ਕੇ ਆਪਣੀ ਰੁਚੀ ਕਵਿਤਾ ਲਿਖਣ ਦੀ ਥਾਂ ਕਵਿਤਾ ਦੀ ਪੜਚੋਲ ਕਰਨ ਵਲ ਮੋੜ ਲਈ। 'ਪੰਜਾਬੀ ਦੇ ਰੋਮਾਂਟਿਕ ਕਵੀ' ਜਹੀ ਸੁਚੱਜੀ ਪੁਸਤਕ ਵਿਦਿਆਰਥੀ ਅਵਸਥਾ ਵਿਚ ਹੀ ਲਿਖੀ, ਅਤੇ ਉਪਰੰਤ ਹੋਰ ਵਡੇ ਪੈਮਾਨੇ ਦੀ ਖੋਜ ਵਾਲੀਆਂ ਪੁਸਤਕਾਂ ਲਿਖੀਆਂ ਤੇ ਆਪਣਾ ਨਾ ਸਾਹਿਤਕ ਪਾਰਖੂਆਂ ਦੀ ਗਿਣਤੀ ਵਿਚ ਉੱਘਾ ਕੀਤਾ।

ਹੁਣ 'ਦਰਦੀ' ਕਵਿਤਾ ਦੀ ਪੁਸਤਕ ਸ਼ਾਤੇ ਸਾਮ੍ਹਣੇ ਲਿਆਇਆ ਹੈ। ਇਸ ਵਿਚ ਉਹ ਪੁਰਾਣੀਆਂ ਨਜ਼ਮਾਂ ਕੋਈ ਨਹੀਂ, ਜਿਨ੍ਹਾਂ ਉਤੇ ਪਹਿਲਾਂ ਪਹਿਲ ਇਸ ਨੇ ਆਪਣਾ ਹਥ ਅਜ਼ਮਾਇਆ ਸੀ। ਮਲੂਮ ਹੁੰਦਾ ਹੈ ਕਿ ਲਿਖਾਰੀ ਨੇ ਆਪਣੀ ਨਵੀਂ ਪੈਦਾ ਕੀਤੀ ਪਾਰਖੂ ਸ਼ਕਤੀ ਤੋਂ ਕੰਮ ਲੈਂਦਿਆਂ ਇਹ ਮੁਨਾਸਬ ਨਹੀਂ ਜਾਤਾ ਕਿ ਕੋਈ ਅਧ-ਪਕੀ ਚੀਜ਼ ਪਬਲਿਕ ਦੇ ਸਾਮ੍ਹਣੇ ਆਵੇ।

ਇਸ ਸੰਗ੍ਰਹਿ ਨੂੰ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਇਸ ਵਿਚ ਕੋਈ ਚੀਜ਼ ਦੂਜੇ ਦਰਜੇ ਦੀ ਨਹੀਂ। ਸਾਰੀਆਂ ਚੋਗੀਆਂ, ਚੋਣਵੀਆਂ ਤੇ ਬਣੀਆਂ-ਸੰਵਾਰੀਆਂ ਚੀਜ਼ਾਂ ਹਨ।

ਮੁਢ ਵਿਚ ਉਹ ਕਵਿਤਾਵਾਂ ਦਿਤੀਆਂ ਹਨ ਜੋ ਮਜ਼ਮੂਨ, ਖ਼ਿਆਲ ਅਤੇ ਬਣਤਰ ਦੇ ਲਿਹਾਜ਼ ਨਾਲ ਪਹਿਲੀ ਵਰੇਸ ਨਾਲ ਸੰਬੰਧ ਰਖਦੀਆਂ ਹਨ। ਉਨ੍ਹਾਂ ਵਿਚ ਜਵਾਨੀ ਦਾ ਨਸ਼ਾ ਤੇ ਰੋਮਾਂਸ ਦਾ ਜ਼ੋਰ ਹੈ। ਰੂਪ ਵੀ ਵਧੇਰੇ ਰਾਗਣੀਯ ਹੈ। ਗੀਤ ਹਨ, ਜਿਨ੍ਹਾਂ ਦਾ ਮਜ਼ਮੂਨ ਪੁਰਾਣਾ ਹੈ, ਪਰ ਸੁਆਦ ਨਵਾਂ ਹੈ। ਕਈ ਤੁਕਾਂ ਤਾਂ ਆਪ ਮੁਹਾਰੇ ਮੂੰਹ ਤੇ ਚੜ੍ਹ ਜਾਂਦੀਆਂ ਹਨ। ਜਿਵੇਂ –

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.